# ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਮਾਨਸਾ।

ਵੱਲ

ਸਮੂਹ ਕੱਲਸਟਰ ਮੁਖੀ
ਸਸਸ/ਸਹਸ
ਜ਼ਿਲ੍ਹਾ ਮਾਨਸਾ।

ਪੱਤਰ ਨੰ:ਆਈ.ਸੀ.ਟੀ./ਸੱਵਛ ਲੈਬ ਅਭਿਆਨ/2017/ 3559 ਮਿਤੀ: 19.5.17

**ਵਿਸ਼ਾ:-** **'' ਸਵੱਛ ਕੰਪਿਊਟਰ ਲੈਬ'' ਸਬੰਧੀ ਡਿਊਟੀ ਲਗਾਉਣ ਬਾਰੇ।**

**ਹਵਾਲਾ:** **ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ ਦੇ ਪੱਤਰ ਨੰ: 2/5- ਆਈ.ਸੀ.ਟੀ.-2015 /Misc./2017471 ਮਿਤੀ:12.05.2017 ਸਬੰਧੀ।**

ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਰਾਹੀਂ ਸਰਕਾਰੀ ਸਕੂਲਾਂ ਵਿੱਚ ਸਥਾਪਿਤ ਕੰਪਿਊਟਰ ਲੈਬਜ਼ ਦੀ ਸਵੱਛਤਾ ਨੂੰ ਮੁੱਖ ਰੱਖਦੇ ਹੋਏ ਸਕੂਲਾਂ ਵਿੱਚ ''ਸਵੱਛ ਕੰਪਿਊਟਰ ਲੈਬ'' ਮੁਕਾਬਲੇ ਕਰਵਾਏ ਜਾਣੇ ਹਨ। ਇਸ ਕੰਪੀਟੀਸ਼ਨ ਦਾ ਮੁੱਖ ਉਦੇਸ਼ ਸਕੂਲਾਂ ਵਿੱਚ ਕੰਪਿਊਟਰ ਲੈਬਜ਼ ਦੀ ਸਾਫ-ਸਫਾਈ ਰੱਖਣ ਲਈ ਕੰਪਿਊਟਰ ਅਧਿਆਪਕਾਂ ਅਤੇ ਸਕੂਲਾਂ ਨੂੰ ਉਤਸ਼ਾਹਿਤ ਕਰਨਾ ਹੈ।

ਉਪਰੋਕਤ ਸਬੰਧੀ ''ਸਵੱਛ ਕੰਪਿਊਟਰ ਲੈਬ'' ਦੀ ਚੋਣ ਲਈ ਕੱਲਸਟਰ ਪੱਧਰ ਤੇ ਇੱਕ ਕਮੇਟੀ ਗਠਿਤ ਕੀਤੀ ਜਾਵੇ ਜਿਸ ਦੇ **ਕੱਲਸਟਰ ਮੁੱਖੀ ਖੁਦ ਚੇਅਰਮੈਨ ਕੱਲਸਟਰ ਅਧੀਨ ਸਕੂਲਾਂ ਵਿੱਚੋਂ ਇੱਕ ਸੀਨੀਅਰ ਮੁੱਖ ਅਧਿਆਪਕ/ਲੈਕਚਰਾਰ ਅਤੇ ਇੱਕ ਤਜਰਬੇਕਾਰ ਕੰਪਿਊਟਰ ਫੈਕਲਟੀ ਮੈਂਬਰ** ਹੋਣਗੇ। ਕਮੇਟੀ ਕੱਲਸਟਰ ਅਧੀਨ ਸਕੂਲਾਂ ਵਿੱਚੋਂ ਨਾਲ ਨੱਥੀ Parameters ਅਨੁਸਾਰ ਆਪਣੇ ਕੱਸਟਰ ਵਿੱਚੋਂ ਇੱਕ ਸੱਵਛ ਕੰਪਿਊਟਰ ਲੈਬ ਸਸਸ/ਸਹਸ ਵਿੱਚੋਂ ਅਤੇ ਇੱਕ ਸੱਵਛ ਕੰਪਿਊਟਰ ਲੈਬ ਮਿਡਲ ਸਕੂਲਾਂ ਵਿੱਚੋਂ ਚੋਣ ਕਰੇਗੀ ਅਤੇ ਇਸ ਦੀ ਰਿਪੋਰਟ ਨੱਥੀ Parameters ਪ੍ਰੋਫਾਰਮੇ ਤੇ 22.05.2017 ਸ਼ਾਮ:05.00 ਵਜੇ ਤੱਕ ਜ਼ਿਲ੍ਹਾ ਦਫ਼ਤਰ ਦੀ ਆਈ.ਸੀ.ਟੀ. ਬ੍ਰਾਂਚ ਵਿਖੇ ਜਮ੍ਹਾਂ ਕਰਵਾਉਣ ਤਾਂ ਜ਼ੋ ਚੈਕਿੰਗ ਟੀਮਾਂ ਵੱਲੋਂ ਬਲਾਕ ਅਤੇ ਜ਼ਿਲ੍ਹਾ ਪੱਧਰ ਤੇ ਵਧੀਆ ਅਤੇ ਸਾਫ-ਸੁਥਰੀ ਲੈਬ ਦੀ ਚੋਣ ਕੀਤੀ ਜਾ ਸਕੇ।

**ਨੋਟ: ਵਿਸ਼ੇਸ਼ ਹਾਲਤਾ ਵਿੱਚ ਕੱਲਸਟਰ ਵਿੱਚੋਂ ਇੱਕ ਤੋਂ ਵੱਧ ਸੱਵਛ ਕੰਪਿਊਟਰ ਲੈਬ ਦੀ ਚੋਣ ਵੀ ਕੀਤੀ ਜਾ ਸਕਦੀ ਹੈ।**

19/5/17

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਮਾਨਸਾ।

Scanned by CamScanner